BRAMPTON Flower City
brampton.ca

Service and Information Update

# ਅਗਲੇ ਹਫ਼ਤੇ ਬ੍ਰੈਂਪਟਨ ਗੇਟਵੇ ਟਰਮੀਨਲ ਅਸਥਾਈ ਤੌਰ ਤੇ ਬੰਦ ਰਹੇਗਾ

ਬ੍ਰੈਂਪਟਨ, ਓਨਟੈਰੀਓ (17 ਅਕਤੂਬਰ, 2019) – ਰੀਜਨ ਆਫ ਪੀਲ (Region of Peel) ਦੇ ਵਾਟਰ ਮੇਨ ਰਿਪਲੇਸਮੈਂਟ ਪ੍ਰੋਜੈਕਟ ਨੂੰ ਪੂਰਾ ਕਰਨ ਲਈ, ਬ੍ਰੈਂਪਟਨ ਗੇਟਵੇ ਟਰਮੀਨਲ (Brampton Gateway Terminal), ਅਗਲੇ ਹਫ਼ਤੇ ਸੋਮਵਾਰ, 21 ਅਕਤਬੂਰ ਤੋਂ ਲੈ ਕੇ ਸ਼ੁੱਕਰਵਾਰ 25 ਅਕਤੂਬਰ, ਸ਼ਾਮ 6 ਵਜੇ ਤੱਕ ਬੰਦ ਰਹੇਗਾ।

ਸਵਾਰੀਆਂ ਧਿਆਨ ਦੇਣ ਕਿ ਟਰਮੀਨਲ ਦੇ ਅੰਦਰ ਸਥਿਤ ਅਤੇ ਸਟੀਲਸ ਅਵੈਨਿਊ (Steeles Avenue) ਤੇ ਵਾਹਨਾਂ ਦੇ ਥੋੜ੍ਹੀ ਦੇਰ ਰੁਕਣ ਵਾਸਤੇ ਬਣੀ ਲੇਨ (ਲੇ-ਬਾਇ ਲੇਨ) ਦੇ ਨਾਲ ਸਥਿਤ ਸਾਰੇ ਬੱਸ ਸਟੌਪ ਬੰਦ ਰਹਿਣਗੇ ਅਤੇ ਸਟ੍ਰੀਟ ਤੇ ਮੁੜ ਸਥਾਪਿਤ ਕੀਤੇ ਜਾਣਗੇ। ਹੁਰੋਨਟੈਰੀਓ ਸਟ੍ਰੀਟ (Hurontario Street) ਤੇ ਵਾਹਨਾਂ ਦੇ ਥੋੜ੍ਹੀ ਦੇਰ ਰੁਕਣ ਵਾਸਤੇ ਬਣੀਆਂ ਲੇਨਸ ਦੇ ਨਾਲ ਸਥਿਤ ਸਾਰੇ ਬੱਸ ਸਟੌਪ ਖੁੱਲ੍ਹੇ ਰਹਿਣਗੇ।

ਇਸਦੇ ਬੰਦ ਰਹਿਣ ਨਾਲ ਹੇਠਾਂ ਦਿੱਤੇ ਰੂਟਸ ਪ੍ਰਭਾਵਿਤ ਹੋਣਗੇ:

11/11A ਈਸਟਬਾਉਂਡ, 54, 199 ਅਤੇ 511/511A/511C ਈਸਟਬਾਉਂਡ

- ਅਸਥਾਈ ਬੱਸ ਸਟੌਪ, ਲੋਬਲਾੱਜ (Loblaws) ਦੇ ਨਾਲ, ਸਟੀਲਸ ਅਵੈਨਿਊ ਦੇ ਦੱਖਣ ਵੱਲ ਸਥਿਤ ਹੋਵੇਗਾ
- ਸਵਾਰੀਆਂ ਨੂੰ ਮੇਨ ਸਟ੍ਰੀਟ (Main Street) ਅਤੇ ਸਟੀਲਸ ਅਵੈਨਿਊ ਨੂੰ ਪਾਰ ਕਰਨਾ ਹੋਵੇਗਾ

2 ਨੌਰਥਬਾਉਂਡ ਅਤੇ 502 ਨੌਰਥਬਾਉਂਡ

- ਅਸਥਾਈ ਬੱਸ ਸਟੌਪ, ਮੇਨ ਸਟ੍ਰੀਟ ਦੇ ਪੂਰਬ ਵੱਲ ਸਥਿਤ ਹੋਣਗੇ, ਸਿੱਧੇ ਬ੍ਰੈਂਪਟਨ ਗੇਟਵੇ ਟਰਮੀਨਲ ਦੇ ਸਾਹਮਣੇ
- ਸਵਾਰੀਆਂ ਨੂੰ ਮੇਨ ਸਟ੍ਰੀਟ ਅਤੇ ਸਟੀਲਸ ਅਵੈਨਿਊ ਨੂੰ ਪਾਰ ਕਰਨਾ ਹੋਵੇਗਾ

8 ਅਤੇ 52

- ਅਸਥਾਈ ਬੱਸ ਸਟੌਪ, ਮੇਨ ਸਟ੍ਰੀਟ ਤੇ ਸਿਰਫ਼ ਬੱਸ ਵਾਸਤੇ ਬਣੇ ਭਾਗ ਵਿੱਚ ਸਥਿਤ ਹੋਣਗੇ

3/3A, 4/4A/104, 11/11D ਵੈਸਟਬਾਉਂਡ, 53, 56, 57, and 511/511C ਵੈਸਟਬਾਉਂਡ

- ਅਸਥਾਈ ਬੱਸ ਸਟੌਪ, ਓਸ਼ੀਨਜ ਫ੍ਰੈਸ਼ ਫੂਡ ਮਾਰਕੀਟ (Ocean's Fresh Food Market) ਦੇ ਪਾਰਕਿੰਗ ਲੌਟ ਦੇ ਸਾਹਮਣੇ, ਬ੍ਰੈਂਪਟਨ ਗੇਟਵੇ ਟਰਮੀਨਲ ਦੇ ਪੱਛਮ ਵੱਲ, ਸਟੀਲਸ ਅਵੈਨਿਊ ਦੇ ਉੱਤਰ ਵੱਲ ਸਥਿਤ ਹੋਣਗੇ

ਉਸਾਰੀ ਦੇ ਦੌਰਾਨ, ਟਰਮੀਨਲ ਦੇ ਅੰਦਰ ਗਾਹਕ ਸੇਵਾ ਖੁੱਲ੍ਹੀ ਰਹੇਗੀ।

ਹਰੇ-ਭਰੇ ਸ਼ਹਿਰ (Green City) ਦੇ ਤੌਰ ਤੇ, ਅਸੀਂ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਜਿੱਥੇ ਵੀ ਸੰਭਵ ਹੋਵੇ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਤੇ ਸਫ਼ਰ ਕਰੋ। ਬੰਦ ਹੋਣ ਅਤੇ ਬਦਲੇ ਗਏ ਰੂਟਸ ਦੇ ਵੇਰਵੇ www.bramptontransit.com ਤੇ ਉਪਲਬਧ ਹਨ। ਅੱਪਡੇਟਸ ਲਈ ਬ੍ਰੈਂਪਟਨ ਟ੍ਰਾਂਜ਼ਿਟ ਨੂੰ Twitter, Facebook, ਅਤੇ Instagram @bramptontransit ਤੇ ਫਾੱਲੋ ਕਰੋ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca